# ਦਫ਼ਤਰ ਨਗਰ ਕੌਂਸਲ ਖੰਨਾ। (ਜਿਲ੍ਹਾ ਲੁਧਿਆਣਾ)

## ਪਬਲਿਕ ਨੋਟਿਸ

ਨਗਰ ਕੌਂਸਲ ਖੰਨਾ ਵੱਲੋਂ ਮੰਤਰੀ ਪ੍ਰੀਸ਼ਦ ਦੀ ਮਿਤੀ 18.06.2021 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਨੂੰ ਲਾਗੂ ਕਰਨ ਸਬੰਧੀ ਅਪਣੇ ਮਤਾ ਨੰ.01 ਮਿਤੀ 02.07.2021 ਰਾਂਹੀ 297 ਸਫਾਈ ਸੇਵਕ ਅਤੇ ਮਤਾ ਨੰ.02 ਮਿਤੀ 02.07.2021 ਰਾਂਹੀ 105 ਸੀਵਰਮੈਨਾਂ ਦੀ ਰਚਨਾ ਕਰਨਾ ਪ੍ਰਵਾਨ ਕੀਤਾ ਗਿਆ ਸੀ। ਉਕਤ ਦੀ ਪ੍ਰਵਾਨਗੀ ਮਾਨਯੋਗ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਦੇ ਪੱਤਰ ਨੰਬਰ.ਅਸ-ਡਸਸ-2021/27984 ਮਿਤੀ 16.07.2021 ਰਾਂਹੀ 297 ਸਫਾਈ ਸੇਵਕਾਂ ਅਤੇ 122 ਸੀਵਰਮੈਨਾ ਦੀਆ ਅਸਾਮੀਆ ਨੂੰ ਕੰਟਰੈਕਟ ਬੇਸਿਜ ਤੇ ਰੱਖਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰ ਤੋ ਮਿਤੀ 13.09.2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿਚ ਬਿਨੈ ਪੱਤਰਾਂ (ਸਮੇਤ ਦਸਤਾਵੇਜਾਂ ਦੀਆ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਉਮੀਦਵਾਰ ਮਿਤੀ 13.09.2021 ਤੱਕ ਰਜਿਸਟਰਡ ਡਾਕ ਰਾਹੀਂ ਜਾ ਦਸਤੀ ਤੋਰ ਤੇ ਬਿਨੈ-ਪੱਤਰ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦਫਤਰ ਨਗਰ ਕੌਂਸਲ ਖੰਨਾ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਗੋਰ ਨਹੀਂ ਕੀਤਾ ਜਾਵੇਗਾ। ਚਾਹਵਾਨ ਉਮੀਦਵਾਰਾ ਵੱਲੋਂ ਬਿਨੈ-ਪੱਤਰ ਵਿਚ ਦਰਜ ਦਸਤਾਵੇਜਾਂ ਦੀਆਂ ਸਵੈ ਤਸਦੀਕ ਕਾਪੀਆਂ ਨਾਲ ਨੱਥੀ ਕੀਤੀਆ ਜਾਣ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰ ਵਿਰੁੱਧ ਕੋਈ ਫੌਜਦਾਰੀ ਕੇਸ ਨਾਂ ਚੱਲ ਰਹੇ ਹੋਣ ਸਬੰਧੀ ਸਵੈ-ਘੋਸ਼ਣਾਂ ਵੀ ਨਾਲ ਨੱਥੀ ਕੀਤਾ ਜਾਵੇ।

ਚਾਹਵਾਨ ਉਮੀਦਵਾਰ ਦੀ ਉਮਰ ਮਿਤੀ 01.01.2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਨ੍ਹਾ ਨਿਯੁਕਤੀਆਂ ਵਿਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜਰਵੇਸਨ ਪਾਲਿਸੀ ਲਾਗੂ ਕੀਤੀ ਜਾਵੇਗੀ ਅਤੇ ਉਸ ਅਨੁਸਾਰ ਬਣਦੀ ਛੋਟ ਦਿੱਤੀ ਜਾਵੇਗੀ। ਸਫਾਈ ਕਰਮਚਾਰੀਆ ਅਤੇ ਸੀਵਰਮੈਨਾਂ ਦੀ ਭਰਤੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ। ਸਰਕਾਰ ਦੀਆ ਹਦਾਇਤਾ ਅਨੁਸਾਰ ਸਫਾਈ ਸੇਵਕਾਂ ਅਤੇ ਸੀਵਰਮੈਨਾ ਦੀਆ ਨਿਯੁਕਤੀਆਂ ਲਈ ਸਥਾਨਕ ਸਰਕਾਰਾਂ ਵਿਭਾਗ ਵਿਚ ਘੱਟ ਤੋਂ ਘੱਟ 3 ਸਾਲਾ ਦੇ ਤਜ਼ੁਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਨਿਯੁਕਤੀ ਲਈ ਘੱਟੋ ਘੱਟ ਉਮਰ ਵਿਚ, ਉਮੀਦਵਾਰ ਦੇ ਤਜਰਬੇ ਦੇ ਬਰਾਬਰ, ਛੋਟ ਦਿੱਤੀ ਜਾਵੇਗੀ। ਉਮੀਦਵਾਰ ਫਿਜਕਲੀ ਫਿੱਟ ਹੋਣਾ ਚਾਹੀਦਾ ਹੈ।

ਨਗਰ ਕੌਂਸਲ ਖੰਨਾ ਵੱਲੋਂ ਨਿਯੁਕਤ ਕੀਤੇ ਜਾ ਰਹੇ ਸਫਾਈ ਸੇਵਕਾ/ਸੀਵਰਮੈਨ ਤੋ ਸਫਾਈ ਦੇ ਕੰਮ, ਨਾਲੇ-ਨਾਲੀਆ ਦੀ ਸਫਾਈ, ਕੂੜਾ ਲਿਫਟਿੰਗ, ਸੋਲਿਡ ਵੇਸਟ ਦੇਖਭਾਲ, ਫੋਗਿੰਗ ਸਪਰੇਅ ਲੇਬਰ ਦੇ ਤੋਰ ਤੇ, ਪੰਪ ਰਾਂਹੀ ਸਪਰੇ ਲੇਬਰ ਦੇ ਤੋਰ ਤੇ ਅਤੇ ਪਲਬਿਕ ਅਤੇ ਕਮਿਊਨਟੀ ਟੁਆਇਲਟਾ ਦੀ ਸਫਾਈ ਲਈ ਕੰਮ ਲਿਆ ਜਾ ਸਕਦਾ ਹੈ।

**ਕੰਨਟਰੈਕਟ ਬੇਸ ਤੇ ਸਫਾਈ ਸੇਵਕ/ਸੀਵਰਮੈਨ ਦੀ ਅਸਾਮੀ ਲਈ ਬਿਨੈ-ਪੱਤਰ ਲਈ ਪ੍ਰੋਫਾਰਮਾ**

| | | | |
|---|---|---|---|
| 1 | ਅਸਾਮੀ ਦਾ ਨਾਮ | | ਬਿਨੈਕਾਰ ਦੀਆ 2 ਤਸਦੀਕਸ਼ੁਦਾ ਫੋਟੋਆ ਨੱਥੀ ਕੀਤੀਆ ਜਾਣ। |
| 2 | ਉਮੀਦਵਾਰ ਦਾ ਨਾਮ | | |
| 3 | ਪਿਤਾ/ਪਤੀ ਦਾ ਨਾਮ | | |
| 4 | 1)ਮਿਤੀ 01.01.2021 ਨੂੰ ਉਮਰ ਸਬੰਧੀ ਜਨਮ ਸਰਟੀਫਿਕੇਟ ਨੱਥੀ ਕਰੋ। ਜਨਮ ਸਰਟੀਫਿਕੇਟ ਉਪਲਬਧ ਨਾ ਹੋਣ ਦੀ ਸੂਰਤ ਵਿਚ ਉਮਰ ਸਬੰਧੀ ਹਲਫੀਆ ਬਿਆਨ ਨੱਥੀ ਕਰੋ<br>2) ਜਨਮ ਸਰਟੀਫਿਕੇਟ ਨਾ ਉਪਲਬਧ ਹੋਣ ਦੀ ਸੂਰਤ ਵਿਚ ਅਪਣੇ ਪਰਿਵਾਰ ਦੇ ਕਿਸੇ ਵੀ ਮੈਂਬਰ ਦਾ ਜਨਮ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ।<br>3) ਪ੍ਰਸੋਨਲ ਪਾਲਿਸੀ-1 ਸ਼ਾਖਾ ਦੇ ਪੱਤਰ ਨੰ:9/56/2020-SPP1/33 ਮਿਤੀ 12.01.2021 ਰਾਂਹੀ ਛੋਟ ਦਿੱਤੀ ਜਾਵੇਗੀ) | | |
| 5 | ਘਰ ਦਾ ਪੱਕਾ ਪਤਾ | | |
| 6 | ਪੱਤਰ ਵਿਵਹਾਰ ਲਈ ਪਤਾ | | |
| 7 | ਟੈਲੀਫੋਨ ਨੰਬਰ/ਮੋਬਾਇਲ ਨੰਬਰ | | |
| 9 | ਕੈਟਾਗਿਰੀ (ਰਿਜਰਵੇਸ਼ਨ ਲਈ ਸਬੰਧਤ ਕੈਟਾਗਰੀ ਦੇ ਸਰਟੀਫਿਕੇਟ ਦੀ ਸਵੈ ਤਸਦੀਕ ਕਾਪੀ) | | |
| 10 | ਕੌਮੀਅਤ (Nationality) | | |
| 11 | ਪੰਜਾਬ ਰੈਜੀਡੈਂਸ ਹੋਣ ਸਬੰਧੀ ਪੰਜਾਬ ਰੈਜੀਡੈਂਸ ਸਰਟੀਫਿਕੇਟ/ਅਧਾਰ ਕਾਰਡ/ਵੋਟਰ ਕਾਰਡ/ ਜਾਂ ਹੋਰ ਸਰਕਾਰੀ ਦਸਤਾਵੇਜ ਦੀ ਸਵੈ ਤਸਦੀਕ ਕਾਪੀ | | |
| 12 | ਵਿਦਿਅਕ ਯੋਗਤਾ:- | | |

| | ਪਾਸ ਪ੍ਰੀਖਿਆ ਦਾ ਨਾਮ | ਬੋਰਡ/ ਯੂਨੀਵਰਸਿਟੀ | ਪ੍ਰੀਖਿਆ ਪਾਸ ਕਰ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾ ਦੀ ਪ੍ਰਤੀਸ਼ਤ |
|---|---|---|---|---|---|---|
| | | | | | | |
| | | | | | | |

| | | |
|---|---|---|
| 13 | ਕੀ ਪੰਜਾਬੀ ਪੜ੍ਹ-ਲਿਖ ਸਕਦਾ ਹੈ (ਹਾਂ/ਨਹੀਂ) | |
| 14 | ਤਜੁਰਬੇ ਸਬੰਧੀ ਵੇਰਵਾ | |
| | 1) ਕਿਸੇ ਸਰਕਾਰੀ ਜਾਂ ਅਰਧ ਸਰਕਾਰੀ ਵਿਭਾਗ ਵਿਚ ਸਫਾਈ ਸੇਵਕ/ਸੀਵਰਮੈਨ ਦੇ ਤਜੁਰਬੇ ਦੇ ਸਰਟੀਫਿਕੇਟ ਦੀ ਸਵੈ ਤਸਦੀਕ ਕਾਪੀ<br>2) ਈ.ਪੀ.ਐਫ ਨੰਬਰ (ਜੇਕਰ ਹੈ ਤਾਂ)<br>3) ਸੈਲਰੀ ਅਕਾਊਂਟ (ਬੈਕ ਡਿਟੇਲ) | |
| 15 | ਫੋਜਦਾਰੀ ਕੇਸ ਨਾ ਚੱਲਣ ਸਬੰਧੀ ਸਵੈ-ਘੋਸ਼ਣਾ ਨੱਥੀ ਕਰੋ। | |

Scanned by CamScanner

ਮੈਂ.........................................................ਪੁੱਤਰ/ਪੁਤਰੀ/ਪਤਨੀ ..........................................ਉਮਰ ......................
ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ/ਦੀ ਪੱਕਾ/ਪੱਕੀ ਵਸਨੀਕ ਹਾਂ। ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ ਨਹੀਂ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾਂ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ। ਇਨ੍ਹਾਂ ਵਿਚ ਮੈਂ ਕੋਈ ਤੱਤ ਲੁਕਾਇਆ ਨਹੀ ਹੈ। ਜੇਕਰ ਮੇਰੇ ਵਲੋਂ ਦਿੱਤੀ ਗਈ ਸੂਚਨਾਂ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ ਹੋਵੇਗੀ।

ਮਿਤੀ............................

ਸਥਾਨ...........................

ਉਮੀਦਵਾਰ ਦੇ ਹਸਤਾਖਰ

ਪ੍ਰਧਾਨ, ਸਿਲੈਕਸ਼ਨ ਕਮੇਟੀ
-ਕਮ-ਪ੍ਰਧਾਨ,
ਨਗਰ ਕੌਂਸਲ ਖੰਨਾ।

ਮੈਂਬਰ ਸਕੱਤਰ, ਸਿਲੈਕਸ਼ਨ ਕਮੇਟੀ
-ਕਮ-ਕਾਰਜ ਸਾਧਕ ਅਫ਼ਸਰ,
ਨਗਰ ਕੌਂਸਲ ਖੰਨਾ।

Scanned by CamScanner